Brickklin Plus ਭੱਠੇ ਦੇ ਅਕਾਂਊਟਸ ਜਾਂ ਹੋਰ ਕੰਮਾਂ ਲਈ ਇੱਕੋ-ਇਕ ਵਧੀਆ Software ਹੈ ਜਿਸ ਵਿਚ ਭੱਠੇ ਦੇ ਹਰ ਪੜਾਅ ਨੂੰ ਬਹੁਤ ਵਧਿਆ ਤਰੀਕੇ ਨਾਲ ਕੀਤਾ ਗਿਆ ਹੈ। ਇਸ Software ਤੇ ਕੰਪਨੀ ਵਲੋਂ ਪਿਛਲੇ 10 ਸਾਲਾਂ ਤੋਂ Software ਨੂੰ ਵਧੀਆ ਬਣਾਉਣ ਤੇ ਕੰਮ ਹੋ ਰਿਹਾ ਹੈ ਤਾਂ ਜ਼ੋ ਭੱਠੇ ਦਾ ਹਰ ਇਕ ਕੰਮ ਇਸ ਵਿਚ ਕੀਤਾ ਜਾ ਸਕੇ ਤੇ ਭੱਠੇ ਦੇ ਮਾਲਕਾਂ ਵੱਲੋਂ ਦਿਤੀਆਂ ਗਈਆਂ ਹਦਾਇਤਾਂ ਅਤੇ ਭੱਠੇ ਦੇ ਕੰਮ ਤੋਂ ਜਾਣੂ ਕਰਵਾਉਣ ਦੇ ਸਦਕਾ ਇਸ ਵਿਚ ਕੋਈ ਵੀ ਇਸ ਤਰ੍ਹਾਂ ਦੀ ਰਿਪੋਰਟ ਚਾਹੇ ਉਹ ਅਕਾਉਂਟ ਨੂੰ ਲੈ ਕੇ ਹੋਵੇ ਜਾਂ ਭੱਠੇ ਦੇ ਬਾਕੀ ਕੰਮਾਂ ਨੂੰ ਲੈ ਕੇ ਹੋਵੇ ਤੁਰੰਤ ਲਈ ਜਾ ਸਕਦੀ ਹੈ। ਕਹਿਣ ਦਾ ਇਹ ਮਤਲਬ ਹੈ ਕਿ ਸੌਫਟਵੇਅਰ ਭੱਠੇ ਦੇ ਮਾਲਕਾਂ ਵਲੋਂ ਹੀ ਬਣਾਇਆ ਗਿਆ ਹੈ ਤੇ ਉਨ੍ਹਾਂ ਦੀ ਹਰ ਇਕ ਜ਼ਰੂਰਤ ਦਾ ਹਲ ਇਸ Software ਵਿਚ ਹੈ ਜਿਹੜਾ ਕਿ ਕਿਸੇ ਹੋਰ Software ਵਿਚ ਆਸਾਨੀ ਨਾਲ ਨਹੀਂ ਹੋ ਸਕਦਾ। ਅਗਰ ਹਰ ਮਾਲਕ ਆਪਣੇ ਰੋਜ਼ ਦੇ ਜਾਂ ਆਪਣੇ ਆਫਿਸ ਵਿਚ ਕਿਸੇ ਡਾਟਾ ਓਪਰੇਟਰ ਜਾਂ ਕਰਮਚਾਰੀ ਕੋਲੋਂ ਅਧੱ ਘੰਟਾ ਇਸ Software ਤੇ ਲਵਾਉਂਦਾ ਤਾਂ ਉਹ ਭੱਠੇ ਦੀ ਹਰ ਇੱਕ ਜਾਣਕਾਰੀ ਸੈਕਿੰਡਾਂ ਵਿਚ ਲੈ ਸਕਦਾ ਹੈ ਜੋ ਕਿ ਅਕਸਰ ਮਾਲਕ ਨੂੰ ਆਪਣੇ ਕਰਮਚਾਰੀ ਤੋਂ ਲੈਣੀ ਪੈਂਦੀ ਹੈ।

Brickklin Plus ਹੀ ਕਿਉਂ ?

1। Brickklin Plus ਦੀ ਮਦਦ ਨਾਲ ਭੱਠੇ ਤੇ ਕਿਸ Material (ਕੋਇਲਾ , ਮਿੱਟੀ ਆਦਿ) ਦੀ ਕਿੰਨੀ ਜ਼ਰੂਰਤ ਹੋਵੇਗੀ ਪਤਾ ਲਗਾਇਆ ਜਾ ਸਕਦਾ ਹੈ।
2। ਭੱਠੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਅਕਾਂਊਟ ਕਿਸੇ ਵੀ ਸਮੇਂ up to date ਦੇਖੇ ਜਾ ਸਕਦੇ ਹਨ।
3। ਕੱਚੀ ਭਰੀ ਅਤੇ ਨਿਕਾਸੀ ਦਾ ਗੇੜਵਾਈਜ਼ ਰਿਕਾਰਡ ਰੱਖਿਆ ਜਾ ਸਕਦਾ ਹੈ।
4। ਇੱਟਾਂ ਜਾਂ ਟਾਈਲਾਂ ਜਿਹੜੀਆਂ ਕਿ ਬਾਰਿਸ਼ ਦੇ ਦਿਨਾਂ ਵਿਚ ਖਰਾਬ ਹੋ ਜਾਂਦੀਆਂ ਹਨ (ਜਿਨ੍ਹਾਂ ਨੂੰ ਗਾਲ ਜਾਂ ਪਾਮਾਇਸ਼ ਕਹਿੰਦੇ ਹਨ) ਦਾ ਪੂਰਾ ਰਿਕਾਰਡ ਰੱਖਿਆ ਜਾ ਸਕਦਾ ਹੈ।
5। ਕੋਲੇ ਦੀ ਔਸਤ ਟਰੱਕਵਾਈਜ਼ ਜਾਂ ਗੇੜਵਾਈਜ਼ ਲਈ ਜਾ ਸਕਦੀ ਹੈ।
6। ਪੱਕੀਆਂ ਇਟਾਂ ਦੀ ਕਿਸੇ ਵੀ ਸਮੇਂ ਚੱਕੇ ਜਾਂ ਚੱਠੇਵਾਈਜ਼ ਪੂਰੀ ਜਾਣਕਾਰੀ ਲਈ ਜਾ ਸਕਦੀ ਹੈ।

More detail.

Raw material :-ਜਿਵੇਂ ਅਸੀਂ ਜਾਣਦੇ ਹਾਂ ਕਿ ਭੱਠੇ ਦੇ ਕੰਮ ਵਿਚ ਇੱਟਾਂ ਦੇ ਬਣਾਉਣ ਲਈ ਕੱਚਾ ਮਾਲ ਮਿੱਟੀ ,ਰੇਤਾ ਆਦਿ ਹਨ ਜਿਸ ਤੋਂ ਬਿਨਾਂ ਇੱਟਾਂ ਨੂੰ ਬਣਾਉਣਾ ਸੰਭਵ ਨਹੀਂ ਹੈ ਤੇ ਅੱਜ ਦੇ ਦਿਨ ਵਿਚ ਕਿਸੇ ਵੀ ਭੱਠੇ ਦੇ ਨਜ਼ਦੀਕ ਮਿੱਟੀ ਜਾਂ ਰੇਤਾ ਉਪਲਬਧ ਨਹੀਂ ਹੁੰਦੀ ਤੇ ਮਿੱਟੀ ਨੂੰ ਉਪਲਬਧ ਕਰਵਾਉਣ ਲਈ ਹਰ ਇਕ ਮਾਲਕ ਨੂੰ ਮਿੱਟੀ ਦੂਰ ਤੂੰ ਲਿਆਉਣੀ ਪੈਂਦੀ ਹੈ ਤੇ ਇਸ ਕੰਮ ਲਈ ਹਰ ਇਕ ਮਾਲਕ ਨੂੰ ਚੁੱਕੀ ਗਈ ਮਿੱਟੀ ਦਾ ਰਿਕਾਰਡ ਰਖੱਣਾ ਹੁੰਦਾ ਹੈ ਜਿਹੜਾ ਕਿ Brickklin Plus ਵਿਚ ਬਹੁਤ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ।

Pather :-ਭੱਠੇ ਦੇ ਕੰਮ ਵਿਚ ਪਥੇਰ ਦਾ ਮੁੱਖ ਕੰਮ ਹੈ ਮਤਲਬ ਇੱਟਾਂ ਜਾਂ ਟਾਇਲਾਂ ਦੇ ਬਣਾਉਣ ਦਾ ਇਹ ਕੰਮ ਪਥੇਰਿਆਂ ਦੁਆਰਾ ਕੀਤਾ ਜਾਂਦਾ ਹੈ। ਇਸ ਲਈ ਇਹ ਪਥੇਰੇ ਕਿਸੇ ਨਾ ਕਿਸੇ ਜਮਾਦਾਰ ਦੇ ਕੰਟਰੋਲ ਵਿਚ ਕੰਮ ਕਰਦੇ ਹਨ। ਇਸ ਪੜਾਅ ਵਿਚ ਕੰਮ ਕਰਨ ਦੇ ਨਾਲ ਅਸੀਂ ਇਕ ਮੌਸਮ ਵਿਚ ਕਿੰਨੀਆਂ ਇੱਟਾਂ ਜਾਂ ਟਾਈਲਾਂ ਕਿਸ ਕਿਸ ਪੱਥਰੇ ਨੇ ਬਣਾਈਆਂ ਹਨ ਦਾ ਰਿਕਾਰਡ ਲੈ ਸਕਦੇ ਹਾਂ ।ਇਸ ਲਈ ਇਸ ਵਿਚ ਮੁਨਸ਼ੀ ਦੁਆਰਾ ਲਿਆਂਦੀ ਗਈ ਡੇਲੀ (ਕਿਸ ਪਥੇਰੇ ਨੇ ਕਿੰਨੀ ਇੱਟ ਬਣਾਈ ਹੈ) ਇਨਪੁਟ ਕੀਤੀ ਜਾਂਦੀ ਹੈ ਜਿਸ ਨਾਲ ਹਰ ਰੋਜ਼ ਦਾ ਰਿਕਾਰਡ ਬਣਦਾ ਰਹਿੰਦਾ ਹੈ।

Pamayash ( Khraba) :- ਇਸ ਵਿਚ ਅੱਲਗ-ਅਲੱਗ ਜਗ੍ਹਾ ਤੇ ਬਾਰਿਸ਼ ਦੇ ਕਾਰਨ ਪੂਰੀ ਤਰ੍ਹਾਂ ਖਰਾਬ ਹੋਈਆਂ ਇੱਟਾਂ ਜਾਂ ਟਾਈਲਾਂ ਦਾ ਰਿਕਾਰਡ ਰਖਿਆ ਜਾਂਦਾ ਹੈ ਜਿਸ ਨੂੰ ਅਕਸਰ "ਗਾਲ" ਜਾਂ "ਪਾਮਾਇਸ਼" ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਮੁਨਸ਼ੀ ਦੁਆਰਾ ਪਾਮਾਇਸ਼ ਕੀਤੀ ਹੋਈ ਇੱਟ ਦੀ ਗਿਣਤੀ ਦੇ ਹਿਸਾਬ ਨਾਲ ਪਥੇਰਿਆਂ ਨੂੰ ਇੱਟਾਂ ਦਿੱਤੀਆਂ ਜਾਂਦੀਆਂ ਹਨ ਅਤੇ ਜੇ ਪਾਮਾਇਸ਼ ਕੀਤੀਆਂ ਗਈਆਂ ਇੱਟਾਂ ਜਾਂ ਟਾਈਲਾਂ ਚੋਂ ਅਸੀਂ ਇੱਟਾਂ ਚੁਕਦੇ ਹਾਂ ਤਾਂ ਅਸੀਂ ਅੰਤ ਵਿਚ ਵੇਖ ਸਕਦੇ ਹਾਂ ਕਿ ਸਾਡੀ ਕੁੱਲ ਕਿੰਨੀ ਗਾਲ (ਖਰਾਬਾ) ਹੋਈ ਹੈ।

Jalayee:- ਭੱਠੇ ਦੇ ਕੰਮ ਵਿਚ ਜਲਾਈ ਦੇ ਕੰਮ ਦੀ ਬਹੁਤ ਮਹੱਤਤਾ ਹੈ ਕਿਉਂਕਿ ਬਣਾਈਆਂ ਗਈਆਂ ਕੱਚੀਆਂ ਇੱਟਾਂ ਨੂੰ ਜਲਾਈ ਦੁਆਰਾ ਪਕਾਇਆ ਜਾਂਦਾ ਹੈ ਤੇ ਜਲਾਈ ਲਈ ਵਰਤਿਆ ਗਿਆ ਇੰਧਣ ਜਿਵੇਂ ਕਿ ਕੋਲਾ ਬਹੁਤ ਮਹਿੰਗਾ ਹੁੰਦਾ ਹੈ ਇਸ ਲਈ Brickklin Plus ਦੁਆਰਾ ਅਸੀਂ ਕੋਲੇ ਜਾਂ ਹੋਰ ਇੰਧਣ ਦੀ ਖਪਤ ਦਾ ਰਿਕਾਰਡ ਰੱਖ ਸਕਦੇ ਹਾਂ ਇਸ ਤੋਂ ਇਲਾਵਾ ਅਸੀਂ Software ਦੁਆਰਾ ਤੁਰੰਤ ਟਰੱਕ ਜਾਂ ਪੂਰੇ ਗੇੜ ਵਿਚ ਕੀ ਔਸਤ ਆਈ ਹੈ ਲੈ ਸਕਦੇ ਹਾਂ।

Nikasi :- ਭੱਠੇ ਵਿਚ ਪਕਾਈ ਗਈ ਇੱਟ ਨੂੰ ਬਾਹਰ ਕੱਢਣ ਦੇ ਕੰਮ ਨੂੰ ਨਿਕਾਸੀ ਕਹਿੰਦੇ ਹਨ ।ਇਹ ਕੰਮ ਨਿਕਾਸੀ ਜਮਾਂਦਾਰ ਨੂੰ ਦਿਤਾ ਜਾਂਦਾ ਹੈ ਜਿਸ ਵਿਚ ਉਸ ਵਲੋਂ ਲਗਾਈ ਗਈ ਲੇਬਰ ਨਿਕਾਸੀ ਕਰਦੀ ਹੈ । ਨਿਕਾਸੀ ਦੇ ਸਮੇਂ ਤੇ ਕੱਢੀਆਂ ਗਈਆਂ ਇੱਟਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ ਜਿਸ ਵਿਚ ਅੱਲਗ-ਅੱਲਗ ਕਿਸਮ ਦੀਆਂ ਇੱਟਾਂ ਨੂੰ ਅੱਲਗ ਅਲੱਗ ਚੱਠਿਆ ਜਾਂ ਚੱਕਿਆਂ ਵਿਚ ਲਗਾਇਆ ਜਾਂਦਾ ਹੈ ।ਇਸ ਨਾਲ ਇਕ ਦਿਨ ਵਿਚ ਕੱਢੀਆਂ ਗਈਆਂ ਕੁੱਲ ਇੱਟਾਂ ਦੇ ਆਧਾਰ ਤੇ ਭੱਠੇ ਤੇ ਇੱਟਾਂ ਦਾ ਸਟਾਕ ਵਧਦਾ ਰਹਿੰਦਾ ਹੈ। ਅਲੱਗ ਅਲੱਗ ਕਿਸਮ ਦੀਆਂ ਇੱਟਾਂ ਦੀ ਕਿ ਪਰਸੈਂਟਏਜ਼ ਨਿਕਲੀ ਹੈ ਅਸੀਂ ਇਕ ਇਕ ਦਿਨ ਗੇੜਵਾਈਜ਼ ,ਜਾਂ ਪੂਰੇ ਸੀਜ਼ਨ ਦਾ ਪਤਾ ਲਗਾਇਆ ਜਾ ਸਕਦਾ ਹੈ।

Sale :-ਨਿਕਾਸੀ ਦੁਆਰਾ ਕੱਢੀਆਂ ਗਈਆਂ ਇੱਟਾਂ ਨੂੰ ਵੇਚਿਆ ਜਾਂਦਾ ਹੈ ਜਿਸ ਸਦਕਾ ਵੇਚੀਆਂ ਗਈਆਂ ਇੱਟਾਂ ਨੂੰ Software ਦੁਆਰਾ ਕਿਸ ਨੂੰ ਉਧਾਰ ਜਾਂ ਨਕਦ sale ਹੋਈ ਹੈ ਦਾ ਪੂਰਾ ਰਿਕਾਰਡ ਰੱਖ ਸਕਦੇ ਹਾਂ ਜਿਸ ਨਾਲ ਭੱਠੇ ਤੇ ਪੱਕੀਆਂ ਇੱਟਾਂ ਦਾ ਸਟਾਕ ਆਸਾਨੀ ਨਾਲ ਪਤਾ ਕੀਤਾ ਜਾ ਸਕਦਾ ਹੈ।ਇਸ ਤੋ ਇਲਾਵਾ ਡੀਲਰਾਂ ਨੂੰ ਵੇਚੀਆਂ ਗਈਆਂ ਇੱਟਾਂ ਦੀ ਡਿਟੇਲ , ਟਰੈਕਟਰਾਂ ਦੀ ਐਵਰੇਜ਼ ਤੇ ਕਿਸ ਟਰੈਕਟਰ ਦੁਆਰਾ ਕਿੰਨੀ ਇੱਟ ਢੋਈ ਗਈ ਹੈ ਦੀ ਡਿਟੇਲ ਪਤਾ ਕੀਤੀ ਜਾ ਸਕਦੀ ਹੈ ।

Purchase :- ਭੱਠੇ ਦੇ ਵਪਾਰ ਵਿਚ ਅਸੀਂ ਜਿਹੜੀ ਵੀ ਆਈਟਮ ਦੀ ਖਰੀਦ ਕਰਦੇ ਹਾਂ ਉਸ ਦੀ ਐਂਟਰੀ Software ਵਿਚ ਕੀਤੀ ਜਾ ਸਕਦੀ ਹੈ ਜਿਸ ਨਾਲ ਪਾਰਟੀ ਦੇ ਅਕਾਊਂਟ , ਪਰਚੇਜ਼ ਕੀਤੀ ਹੋਈ ਦਾ ਸਟਾਕ ਰਖਿਆ ਜਾ ਸਕਦਾ ਹੈ

Kachi Bharayi:- ਪਥੇਰਿਆਂ ਦੁਆਰਾ ਬਣਾਈਆਂ ਗਈਆਂ ਇੱਟਾਂ ਜਾਂ ਟਾਈਲਾਂ ਨੂੰ ਪੱਥੇਰਾ ਵਿਚ ਭੱਠੇ ਦੇ ਅੰਦਰ ਜਾਂ ਸਟਾਕ ਵਿਚ ਲਗਾਉਣ ਦੇ ਤਰੀਕੇ ਨੂੰ ਕੱਚੀ ਭਰਾਈ ਕਹਿੰਦੇ ਹਨ। ਇਹ ਕੰਮ ਕੱਚੀ ਭਰਾਈ ਜਮਾਦਾਰ ਵਲੋਂ ਕਰਵਾਇਆ ਜਾਂਦਾ ਹੈ ਜਿਸ ਵਿਚ ਜਮਾਦਾਰ ਦੀ ਆਪਣੀ ਲੇਬਰ ਹੁੰਦੀ ਹੈ ਜਿਨ੍ਹਾਂ ਕੋਲੋਂ ਉਹ ਟਰਾਲੀਆਂ ਜਾਂ ਰੇੜਿਆਂ ਨਾਲ ਕੱਚੀ ਭਰਾਈ ਦਾ ਕੰਮ ਕਰਦਾ ਹੈ ਜਿਸ ਨਾਲ ਇਕ ਗੇੜੇ ਵਿਚ ਕਿੰਨੇ ਪਾਵੇ ਜਾਂ ਲਾਇਨਾਂ ਦੀ ਭਰਾਈ ਹੋਈ ਹੈ ਜਾਂ ਪੂਰੇ ਸੀਜ਼ਨ ਵਿਚ ਕਿੰਨੇ ਗੇੜੇ ਜਾਂ ਕੁੱਲ ਭਰਾਈ ਹੋਈ ਹੈ ਦੀ ਜਾਣਕਾਰੀ ਲੈ ਸਕਦੇ ਹਾਂ।